ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਭੌਂ ਮਾਲੀਆ-2 ਸ਼ਾਖਾ)

ਨੰਬਰ 17/7/23-ਭਮ-2(7)/ 7938

ਸੇਵਾ ਵਿਖੇ

ਸਮੂਹ, ਡਿਪਟੀ ਕਮਿਸ਼ਨਰ,
ਉਪ ਮੰਡਲ ਮੈਜਿਸਟਰੇਟ,
ਸਰਕਲ ਰੈਵੀਨਿਊ ਅਫਸਰ।

ਚੰਡੀਗੜ੍ਹ,ਮਿਤੀ: 27/6/23

ਵਿਸ਼ਾ:- ਖੇਤੀ ਜੰਗਲਾਤ (Agroforesgtry) ਅਤੇ ਬਾਸਮਤੀ ਫਸਲਾਂ ਦੀ ਗਿਰਦਾਵਰੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਅੱਗੇ ਤੋਂ ਦੌਰਾਨੇ ਗਿਰਦਾਵਰੀ, ਮਾਲ ਖੇਤਰੀ ਸਟਾਫ ਨੂੰ ਇਹ ਹਦਾਇਤਾਂ ਤੋਂ ਜਾਣੂੰ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ ਕਿ ਮੌਜੂਦਾ ਸਮੇਂ ਦੌਰਾਨ ਫਸਲਾਂ ਦੀ ਵਿਭਿੰਨਤਾ ਆ ਰਹੀ ਹੈ ਅਤੇ ਇਸ ਵਿਭਿੰਨਤਾ ਨੂੰ ਅੰਕੜਿਆਂ ਵਿੱਚ ਤਾਂ ਹੀ ਲਿਆਂਦਾ ਜਾ ਸਕਦਾ ਹੈ ਜੇਕਰ ਦੌਰਾਨੇ ਗਿਰਦਾਵਰੀ ਹਰ ਕਿਸਮ ਨੂੰ ਅਲੱਗ ਤੋਂ ਗਿਰਦਾਵਰੀ ਵਿੱਚ ਦਰਜ ਕੀਤਾ ਜਾਵੇ।

2. ਇਸ ਸਬੰਧੀ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਗਿਰਦਾਵਰੀ ਦਰਜ ਕਰਨ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਜਿਥੇ ਮੌਕੇ ਤੇ ਫਸਲ ਝੋਨਾ(Paddy) ਹੋਵੇ ਤਾਂ ਉਸਦੀ ਕਿਸਮ ਜਿਵੇਂ ਕਿ ਬਾਸਮਤੀ,ਪਰਮਲ ਅਤੇ ਪੂਸਾ ਆਦਿ ਅਤੇ ਇਸਦੇ ਨਾਲ ਹੀ ਖੇਤੀਬਾੜੀ ਵਾਲੀ ਜਮੀਨ ਵਿੱਚ ਜਦੋਂ ਕਿਸਾਨ ਵੱਲੋਂ ਖੇਤੀ ਜੰਗਲਾਤ (Agroforesgtry) ਜਿਵੇਂ ਕਿ ਪਾਪੂਲਰ, ਸਫੈਦਾ, ਟੀਕ ਵਗੈਰਾ ਦੇ ਦਰੱਖਤਾਂ ਦਾ ਜਖੀਰਾ ਲਗਾਇਆ ਜਾਂਦਾ ਹੈ ਤਾਂ ਦੌਰਾਨੇ ਗਿਰਦਾਵਰੀ ਇਸ ਫਸਲ ਨੂੰ ਗਿਰਦਾਵਰੀ ਵਿੱਚ ਦਰਜ ਕਰਨਾ ਯਕੀਨੀ ਬਣਾਇਆ ਜਾਵੇ, ਤਾਂ ਜੋ ਪੰਜਾਬ ਰਾਜ ਦੇ ਖੇਤੀਬਾੜੀ ਸਬੰਧੀ ਅੰਕੜਿਆਂ ਦਾ ਡਾਟਾ ਤਿਆਰ ਕਰਨ ਸਮੇਂ ਸਹੀ ਅੰਕੜਾ ਪ੍ਰਾਪਤ ਕੀਤਾ ਜਾ ਸਕੇ।

3. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਅਧਿਕਾਰੀ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਇੰਨ-ਬਿੰਨ ਯਕੀਨੀ ਬਣਾਈ ਜਾਵੇ।

27/6/23
ਸੰਯੁਕਤ ਸਕੱਤਰ ਮਾਲ

ਪਿ:ਅੰ:ਨੰ: 17/7/23-ਭਮ-2(7) ਚੰਡੀਗੜ੍ਹ,ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ, ਲੈਂਡ ਰਿਕਾਰਡ,ਪੰਜਾਬ ਕਪੂਰਥਲਾ ਰੋਡ ਜਲੰਧਰ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਮਾਲ